**17th ASEAN-India Summit**

November 11, 2020

……………………………………………………………………………………………………..

# 17ਵਾਂ ਆਸੀਆਨ-ਭਾਰਤ ਸਿਖਰ ਸੰਮੇਲਨ

11 ਨਵੰਬਰ, 2020

1. ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਵਿਅਤਨਾਮ ਦੇ ਪ੍ਰਧਾਨ ਮੰਤਰੀ ਮਹਾਮਹਿਮ ਗੁਏਨ ਜ਼ੁਆਨ ਫੁਕ 12 ਨਵੰਬਰ, 2020 ਨੂੰ ਹੋਣ ਵਾਲੇ 17ਵੇਂ ਆਸੀਆਨ-ਭਾਰਤ ਸਿਖਰ ਸੰਮੇਲਨ ਦੀ ਸਹਿ-ਪ੍ਰਧਾਨਗੀ ਕਰਨਗੇ। ਸਾਰੇ ਆਸੀਆਨ ਮੈਂਬਰ ਦੇਸ਼ਾਂ ਦੇ ਆਗੂ ਇਸ ਸਿਖਰ ਸੰਮੇਲਨ ਵਿੱਚ ਹਿੱਸਾ ਲੈਣਗੇ। ਇਹ ਸਿਖਰ ਸੰਮੇਲਨ ਆਨਲਾਈਨ ਆਯੋਜਿਤ ਕੀਤਾ ਜਾਵੇਗਾ।

2. ਇਸ ਸਿਖਰ ਸੰਮੇਲਨ ਦੌਰਾਨ ਆਸੀਆਨ-ਭਾਰਤ ਰਣਨੀਤਕ ਭਾਈਵਾਲੀ ਦੇ ਹਾਲਤ ਦੀ ਸਮੀਖਿਆ ਕੀਤੀ ਜਾਵੇਗੀ ਅਤੇ ਕਨੇਟਿਵਿਟੀ, ਸਮੁੰਦਰੀ ਸਹਿਯੋਗ, ਵਪਾਰ ਅਤੇ ਵਣਜ, ਸਿੱਖਿਆ ਅਤੇ ਸਮਰੱਥਾ ਨਿਰਮਾਣ ਆਦਿ ਵਰਗੇ ਮਹੱਤਵਪੂਰਨ ਖੇਤਰਾਂ ਵਿਚ ਵਿਚ ਹੋਈ ਤਰੱਕੀ ਦਾ ਜਾਇਜ਼ਾ ਲਿਆ ਜਾਵੇਗਾ। ਸੰਮੇਲਨ ਵਿੱਚ ਆਏ ਆਗੂ ਆਸੀਆਨ-ਭਾਰਤ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੇ ਤਰੀਕਿਆਂ ਬਾਰੇ ਵਿਚਾਰ-ਵਟਾਂਦਰਾ ਕਰਨਗੇ ਅਤੇ ਇਸ ਸੰਦਰਭ ਵਿੱਚ ਆਸੀਆਨ-ਭਾਰਤ ਕਾਰਜ ਯੋਜਨਾ (2021-2025) ਨੂੰ ਅੰਗੀਕਾਰ ਕਰਨਗੇ। ਇਸ ਸਿਖਰ ਸੰਮੇਲਨ ਵਿੱਚ COVID -19, ਮਹਾਂਮਾਰੀ ਤੋਂ ਬਾਅਦ ਦੀ ਆਰਥਿਕ ਬਹਾਲੀ ਅਤੇ ਮਹੱਤਵਪੂਰਨ ਖੇਤਰੀ ਅਤੇ ਆਲਮੀ ਘਟਨਾਵਾਂ ਬਾਰੇ ਵਿਚਾਰ ਵਟਾਂਦਰੇ ਵੀ ਕੀਤੇ ਜਾਣਗੇ।

3. ਆਸੀਆਨ-ਭਾਰਤ ਸਿਖਰ ਸੰਮੇਲਨਾਂ ਨਾਲ ਭਾਰਤ ਅਤੇ ਆਸੀਆਨ ਨੂੰ ਉੱਚ ਪੱਧਰੀ ਗੱਲਬਾਤ ਕਰਨ ਦਾ ਮੌਕਾ ਮਿਲਦਾ ਹੈ। ਪ੍ਰਧਾਨ ਮੰਤਰੀ ਨੇ ਪਿਛਲੇ ਸਾਲ ਨਵੰਬਰ ਵਿੱਚ ਬੈਂਕਾਕ ਅੰਦਰ ਹੋਏ 16ਵੇਂ ਆਸੀਆਨ-ਭਾਰਤ ਸਿਖਰ ਸੰਮੇਲਨ ਵਿੱਚ ਭਾਗ ਲਿਆ ਸੀ। 17ਵਾਂ ਆਸੀਆਨ-ਭਾਰਤ ਸਿਖਰ ਸੰਮੇਲਨ ਅਜਿਹਾ ਅੱਠਵਾਂ ਆਸੀਅਨ-ਭਾਰਤ ਸਿਖਰ ਸੰਮੇਲਨ ਹੋਵੇਗਾ, ਜਿਸ ਵਿੱਚ ਉਹ ਸ਼ਾਮਲ ਹੋਣਗੇ।

4. ਆਸੀਆਨ-ਭਾਰਤ ਰਣਨੀਤਕ ਭਾਈਵਾਲੀ ਸਾਂਝੇ ਭੂਗੋਲਿਕ, ਇਤਿਹਾਸਕ ਅਤੇ ਸੱਭਿਅਕ ਸੰਬੰਧਾਂ ਦੀ ਮਜ਼ਬੂਤ ਨੀਂਹ ਉੱਤੇ ਬਣੀ ਹੋਈ ਹੈ। ਆਸੀਆਨ ਦੀ ਕੇਂਦਰੀ ਭੂਮਿਕਾ 'ਤੇ ਜ਼ੋਰ ਦੇਣ ਵਾਲੀ ਭਾਰਤ ਦੀ "ਐਕਟ ਈਸਟ" ਨੀਤੀ ਭਾਰਤ ਵੱਲੋਂ ਆਸੀਆਨ ਨੂੰ ਦਿੱਤੀ ਜਾਂਦੀ ਮਹੱਤਤਾ ਦਰਸਾਉਂਦੀ ਹੈ।

ਨਵੀਂ ਦਿਲੀ

11 ਨਵੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.